## ਸ੍ਰੇਣੀ ਦਸਵੀਂ
## ਨਮੂਨੇ ਦਾ ਪ੍ਰਸ਼ਨ-ਪੱਤਰ (1)
## ਪੰਜਾਬੀ ਏ
## ਸੁਣਨ ਤੇ ਬੋਲਣ ਤੋਂ ਅਸਮਰੱਥ ਵਿਦਿਆਰਥੀਆਂ ਲਈ

ਵੱਧ ਤੋਂ ਵੱਧ ਅੰਕ : 70
ਆਂਤਰਿਕ ਮੁਲਾਂਕਣ: 05
ਕੁੱਲ: 75

**ਵਸਤੂਨਿਸ਼ਠ ਪ੍ਰਸ਼ਨ :**
**ਹਰੇਕ ਪ੍ਰਸ਼ਨ 3 ਅੰਕ ਦਾ ਹੈ।**

**(ੳ) ਬਹੁਚੋਣਵੇਂ ਪ੍ਰਸ਼ਨ**

1. ਗੁਰੂ ਨਾਨਕ ਦੇਵ ਜੀ ਦੀ ਪਤਨੀ ਦਾ ਨਾਂ ਦੱਸੋ।

(ੳ) ਬੀਬੀ ਭਾਨੀ ਜੀ

(ਅ) ਬੀਬੀ ਸੁਲੱਖਣੀ ਜੀ

(ੲ) ਤ੍ਰਿਪਤਾ ਦੇਵੀ

(ਸ) ਮਾਈ ਭਾਗੋ 3

2. 'ਅਨੰਦ ਭਇਆ ਮੇਰੀ ਮਾਏ' ਸ਼ਬਦ ਕਿਸ ਦੀ ਰਚਨਾ ਹੈ?

(ੳ) ਗੁਰੂ ਅਮਰਦਾਸ ਜੀ

(ਅ) ਗੁਰੂ ਨਾਨਕ ਦੇਵ ਜੀ

(ੲ) ਗੁਰੂ ਅਰਜਨ ਦੇਵ ਜੀ

(ਸ) ਗੁਰੂ ਗੋਬਿੰਦ ਸਿੰਘ ਜੀ

ਉੱਤਰ :-ਗੁਰੂ ਅਮਰਦਾਸ ਜੀ 3

3. ਰੁੱਖੀ-ਮਿੱਸੀ ਖਾ ਕੇ ਫ਼ਰੀਦ ਜੀ ਨੇ ਕੀ ਪੀਣ ਲਈ ਕਿਹਾ ਹੈ?

(ੳ) ਠੰਢਾ ਪਾਣੀ

(ਅ) ਦੁੱਧ

(ੲ) ਗਰਮ ਪਾਣੀ

(ਸ) ਲੱਸੀ 3

4. ਬਾਬਾ ਰਾਮ ਸਿੰਘ ਕੂਕਾ ਦਾ ਕਿਸ ਮਹਾਂਪੁਰਖ ਨਾਲ਼ ਮੇਲ਼ ਹੋਇਆ?

(ੳ) ਬਾਬਾ ਬਾਲਕ ਸਿੰਘ

(ਅ) ਬਾਬਾ ਫ਼ਰੀਦ ਨਾਲ਼

(ੲ) ਜੱਸਾ ਸਿੰਘ ਨਾਲ਼

(ਸ) ਤੇਗ਼ ਨਾਲ਼ 3

**ਹੇਠ ਲਿਖੇ ਵਾਕਾਂ ਵਿਚਲੀਆਂ ਖਾਲੀ ਥਾਂਵਾਂ ਵਿੱਚ ਢੁਕਵੇਂ ਸ਼ਬਦ ਭਰੋ:-**

5. ਸਾਹਿਬਾਂ ਤੇ ਮਿਰਜ਼ਾ __________ ਪੜ੍ਹਦੇ ਸਨ। (ਗੁਰਦੁਆਰੇ ਵਿੱਚ, ਮਸੀਤ ਵਿੱਚ)
6. ਸਿੱਖਾਂ ਦੀ ਅਰਦਾਸ ਵਿੱਚ __________ ਦੀ ਮੰਗ ਹੁੰਦੀ ਹੈ। (ਸਰਬੱਤ ਦੇ ਭਲੇ, ਆਪ ਦੇ ਭਲੇ)
7. ਹੁਸ਼ਨਾਕ ਸਿੰਘ __________ ਵਿੱਚ ਨੌਕਰੀ ਕਰਦਾ ਸੀ। (ਫ਼ੌਜ, ਪੁਲਿਸ ਵਿੱਚ)
8. ਇੱਕ ਹੋਰ ਨਵਾਂ ਸਾਲ ਨਾਵਲ ਦੇ __________ ਕਾਂਡ ਹਨ। (ਤਿੰਨ, ਚਾਰ)

**ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਠੀਕ ਹੈ ਤੇ ਕਿਹੜਾ ਗਲਤ:-**

9. ਸਰੀਰ ਦਾ ਰਚਣਹਾਰ ਪਰਮਾਤਮਾ ਹੈ। (ਸਹੀ)
10. ਗੁਰਬਖ਼ਸ਼ ਸਿੰਘ 'ਬੋਲੀ' ਲੇਖ ਦਾ ਲੇਖਕ ਹੈ। (ਸਹੀ)
11. ਕਿਸ਼ਨ ਸਿੰਘ ਨੂੰ ਪੰਜ ਸਾਲਾਂ ਦੀ ਕੈਦ ਹੋਈ ਸੀ। (ਸਹੀ)
12. ਪਿਤਾ ਪੁੱਤਰ ਨੂੰ ਦੋ ਸਾਲ ਦੀ ਸਜ਼ਾ ਦਿੰਦਾ ਹੈ। (ਸਹੀ)
13. **ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ:-**

| | | |
|---|---|---|
| ੳ) | ਪੂਰਨ ਦਾ ਜਨਮ | 1. ਸਲਵਾਨ |
| ਅ) | ਪੂਰਨ ਦੀ ਮਾਂ | 2. ਸਿਆਲਕੋਟ |
| ੲ) | ਪੂਰਨ ਦਾ ਪਿਤਾ | 3. ਲੂਣਾ |
| ਸ) | ਪੂਰਨ ਦੀ ਮਤਰੇਈ ਮਾਂ | 4. ਇੱਛਰਾਂ |

14. **ਹੇਠ ਲਿਖੇ ਸ਼ਬਦਾਂ ਤੇ ਅਰਥਾਂ ਦਾ ਸਹੀ ਮਿਲਾਣ ਕਰੋ : (ਬਾਬਾ ਰਾਮ ਸਿੰਘ ਕੂਕਾ)**

| | | |
|---|---|---|
| ੳ) | ਪਲਟਨ | 1. ਨਸੀਹਤ |
| ਅ) | ਪਰਿਪੱਕ | 2. ਇਤਿਹਾਸ |
| ੲ) | ਤਵਾਰੀਖ਼ | 3. ਦ੍ਰਿੜ੍ਹ |
| ਸ) | ਹਿਦਾਇਤ | 4. ਪੈਦਲ ਸੈਨਾ ਦਾ ਦਸਤਾ |

15. **ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ : (ਬਾਗ਼ੀ ਦੀ ਧੀ)**

| | | |
|---|---|---|
| ੳ) | ਸ਼ਰਨ ਕੌਰ | 1. ਬਾਗ਼ੀ ਦੀ ਧੀ |
| ਅ) | ਹੁਸ਼ਨਾਕ | 2. ਲਾਜ ਦੀ ਮਾਂ |
| ੲ) | ਲਾਜ | 3. ਸੂਬੇਦਾਰ ਮੇਜਰ |

15×3=45

**ਤਿੰਨ ਅੰਕਾਂ ਵਾਲੇ ਪ੍ਰਸ਼ਨ:-**

16. **ਕਹਾਣੀਆਂ ਦੇ ਆਧਾਰ 'ਤੇ ਪੁੱਛੇ ਗਏ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਲਿਖੋ:**

(ੳ) ਲੇਖਕ ਮਾਲਕ ਤੋਂ ਤਨਖ਼ਾਹ ਵਧਾਉਣ ਦੀ ਮੰਗ ਤੋਂ ਸੰਕੋਚ ਕਿਉਂ ਕਰ ਰਿਹਾ ਸੀ?

(ਅ) ਕਰਤਾਰ ਸਿੰਘ ਦੇ ਛੋਟੀ ਉਮਰੇ ਹੀ ਤੁਰ ਜਾਣ ਦੇ ਕੀ ਕਾਰਨ ਸਨ?

(ੲ) ਵੀਰਾਂ ਵਾਲ਼ੀ ਦੀ ਮੌਤ ਦੇ ਕੀ ਕਾਰਨ ਸਨ?

(ਸ) ਰਸ਼ੀਦ ਆਪਣੀ ਬਿਮਾਰੀ ਤੋਂ ਰਾਹਤ ਲੈਣ ਲਈ ਕੀ ਸ਼ੌਕ ਪਾਲ਼ਦਾ ਹੈ?

**4+4=8**

**17. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ-ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਲਿਖੋ:**

(ੳ) ਹਰਦੇਵ ਬਾਜਵਾ (ਇਕਾਂਗੀ: ਸਮੁੰਦਰੋਂ ਪਾਰ)

(ਅ) ਔਰੰਗਜ਼ੇਬ (ਇਕਾਂਗੀ: ਜ਼ਫਰਨਾਮਾ)

4

**18. ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਲਿਖੋ:**

(ੳ) ਤਾਰੋ

(ਅ) ਬੰਤੇ ਦੀ ਮਾਂ

(ੲ) ਲਾਜੋ 5

**19. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ 'ਤੇ ਲਿਖੋ:**

(ੳ) ਮਰਦਾਨੇ ਨੇ ਨਗਰ ਵਿੱਚ ਉਸ ਨਾਲ਼ ਜੋ ਬੀਤੀ ਜਦੋਂ ਗੁਰੂ ਨਾਨਕ ਦੇਵ ਜੀ ਨੂੰ ਸੁਣਾਈ ਤਾਂ ਗੁਰੂ ਜੀ ਨੇ ਅੱਗੋਂ ਕੀ ਕਿਹਾ?

(ਅ) ਲੇਖਕ ਨੇ ਗੁਰੂ ਨਾਨਕ ਦੇਵ ਜੀ ਦਾ ਮਾਤਾ ਨਾਲ਼ ਮਿਲ਼ਾਪ ਦਾ ਦ੍ਰਿਸ਼ ਕਿਹੋ-ਜਿਹਾ ਪੇਸ਼ ਕੀਤਾ ਹੈ?

(ੲ) ਅਰਦਾਸ ਕਦੋਂ ਅਤੇ ਕਿਉਂ ਕੀਤੀ ਜਾਂਦੀ ਹੈ?

(ਸ) ਲੋਕ ਭਲਵਾਨਾਂ ਦਾ ਕਿਵੇਂ ਸਤਿਕਾਰ ਕਰਦੇ ਸਨ? **4+4=8**

# ਪੰਜਾਬੀ

## ਦਸਵੀਂ-ਸ਼੍ਰੇਣੀ

## ਨਮੂਨੇ ਦਾ ਪ੍ਰਸ਼ਨ-ਪੱਤਰ

## ਪੰਜਾਬੀ-ਬੀ

## ਸੁਣਨ ਅਤੇ ਬੋਲਣ ਤੋਂ ਅਸਮਰਥ ਵਿਦਿਆਰਥੀਆਂ ਲਈ

ਲਿਖਤੀ ਅੰਕ : 65

ਆਂਤਰਿਕ ਮੁਲਾਂਕਣ : 10

ਕੁੱਲ : 75

**ਵਸਤੂਨਿਸ਼ਠ ਪ੍ਰਸ਼ਨ:**

**ਬਹੁਚੋਣਵੇਂ ਪ੍ਰਸ਼ਨ:**

ਪ੍ਰਸ਼ਨ 1. ਪੰਜਾਬੀ ਬੋਲੀ ਨੂੰ ਕਿੰਨੇ ਲੋਕ ਬੋਲਦੇ ਹਨ?

(ੳ) 6 ਕਰੋੜ (ਅ) 11 ਕਰੋੜ (ੲ) 5 ਕਰੋੜ (ਸ) 10 ਕਰੋੜ

ਪ੍ਰਸ਼ਨ 2. ਜਿਹੜਾ ਸ਼ਬਦ ਕਿਸੇ ਵਿਅਕਤੀ, ਵਸਤੂ, ਸਥਾਨ ਨੂੰ ਪ੍ਰਗਟ ਕਰੇ, ਉਸ ਨੂੰ ਕੀ ਕਹਿੰਦੇ ਹਨ?

(ੳ) ਕਿਰਿਆ-ਵਿਸ਼ੇਸ਼ਣ (ਅ) ਪੜਨਾਂਵ (ੲ) ਨਾਂਵ (ਸ) ਵਿਸ਼ੇਸ਼ਣ

ਪ੍ਰਸ਼ਨ 3. ਜਿਹੜੇ ਸ਼ਬਦ ਇਸਤਰੀ ਜਾਂ ਮਾਦਾ ਭੇਦ ਬਾਰੇ ਦੱਸਣ, ਨੂੰ ਕੀ ਕਹਿੰਦੇ ਹਨ:-

(ੳ) ਇਸਤਰੀ-ਲਿੰਗ (ਅ) ਵਚਨ (ੲ) ਨਾਂਵ (ਸ) ਵਿਸ਼ੇਸ਼ਣ

ਪ੍ਰਸ਼ਨ 4. ਜਦੋਂ ਕਿਰਿਆ ਦਾ ਕੰਮ ਬੀਤ ਗਏ ਸਮੇਂ ਵਿੱਚ ਹੋਇਆ ਹੋਵੇ, ਉਸ ਨੂੰ ਕੀ ਕਹਿੰਦੇ ਹਨ:-

(ੳ) ਵਰਤਮਾਨ ਕਾਲ (ਅ) ਭਵਿਖਤ ਕਾਲ (ੲ) ਭੂਤ ਕਾਲ

ਖ਼ਾਲੀ ਥਾਂਵਾਂ ਭਰੋ:

ਪ੍ਰਸ਼ਨ 5. ਪੰਜਾਬੀ ਭਾਸ਼ਾ ਲਈ ਢੁਕਵੀਂ ਲਿਪੀ ............. ਹੈ।

ਪ੍ਰਸ਼ਨ 6. ਜਿਹੜਾ ਨੱਕ ਵਿੱਚ ਬੋਲੇ, ਉਸ ਨੂੰ ............. ਕਿਹਾ ਜਾਂਦਾ ਹੈ।

ਪ੍ਰਸ਼ਨ 7. ਨਾਵਲ ਲਿਖਣ ਵਾਲ਼ੇ ਨੂੰ .............ਕਿਹਾ ਜਾਂਦਾ ਹੈ।

ਪ੍ਰਸ਼ਨ 8. ਆਪਣੇ ਆਪ ਨੂੰ ਮਾਰਨ ਵਾਲਾ .............ਕਹਾਉਂਦਾ ਹੈ।

ਹੇਠ ਲਿਖੇ ਕਥਨ ਠੀਕ ਹਨ ਜਾਂ ਗ਼ਲਤ:

ਪ੍ਰਸ਼ਨ 9. ਵਿਆਕਰਨ ਦੇ ਚਾਰ ਮੁੱਖ ਅੰਗ ਹਨ।

ਪ੍ਰਸ਼ਨ 10. ਪੰਜਾਬੀ ਭਾਸ਼ਾ ਲਿਖਣ ਲਈ ਲਗਾਂ-ਮਾਤਰਾ ਦੀ ਲੋੜ ਨਹੀਂ ਪੈਂਦੀ।

ਪ੍ਰਸ਼ਨ 11. ਵਿਸ਼ੇਸ਼ਣ ਦੀਆਂ ਪੰਜ ਕਿਸਮਾਂ ਹੁੰਦੀਆਂ ਹਨ।

ਪ੍ਰਸ਼ਨ 12. ਨਿਗਾਰਥਕ ਸ਼ਬਦਾਂ ਦਾ ਕੋਈ ਅਰਥ ਨਹੀਂ ਹੁੰਦਾ।

ਹੇਠ ਲਿਖਿਆਂ ਦਾ ਸਹੀ ਮਿਲਾਣ ਕਰੋ:

ਪ੍ਰਸ਼ਨ 13. ਉਪਬੋਲੀ ਨਾਲ਼ ਸੰਬੰਧਿਤ ਇਲਾਕੇ ਦੀ ਪਛਾਣ ਕਰੋ:

(ੳ) ਦੁਆਬੀ : ਰੋਪੜ

(ਅ) ਮਾਝੀ : ਲੁਧਿਆਣਾ

(ੲ) ਪੁਆਧੀ : ਸ਼ਹੀਦ ਭਗਤ ਸਿੰਘ ਨਗਰ

(ਸ) ਮਲਵਈ : ਅੰਮ੍ਰਿਤਸਰ

ਪ੍ਰਸ਼ਨ 14. ਸਮਾਨਾਰਥਕ ਸ਼ਬਦ ਮਿਲ਼ਾਓ:

(ੳ) ਉਚਿਤ : ਸਮਝ

(ਅ) ਅਨਾਥ : ਅਸਮਾਨ

(ੲ) ਅਕਲ : ਠੀਕ

(ਸ) ਅਕਾਸ਼ :ਯਤੀਮ

ਪ੍ਰਸ਼ਨ 15. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਚੁਣੋ:

(ੳ) ਜੋ ਕਦੇ ਨਾ ਥੱਕੇ : ਜੌੜੇ

(ਅ) ਜਿਹੜਾ ਨੱਕ ਵਿੱਚ ਬੋਲੇ : ਕੰਮਚੋਰ

(ੲ) ਇੱਕੋ ਵਾਰੀ ਜੰਮੇ ਦੋ ਬੱਚੇ : ਗੁਣਗੁਣਾ

(ਸ) ਜਿਹੜਾ ਕੰਮ ਤੋਂ ਜੀਅ ਚੁਰਾਏ : ਅਣਥੱਕ

15×2=30

ਪ੍ਰਸ਼ਨ 16. ਹੇਠ ਲਿਖਿਆਂ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਦੀਆਂ ਖ਼ਾਲੀ ਥਾਂਵਾਂ ਭਰੋ:

**(ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ______ਈ: ਨੂੰ ______ਵਿਖੇ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਦਾ ਨਾਮ ______ਅਤੇ ਮਾਤਾ ਜੀ ਦਾ ਨਾਮ ______ਹੈ। 1672 ਈ: ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਟਨਾ ਸ਼ਹਿਰ ਨੂੰ ਛੱਡ ਕੇ ______ਸਾਹਿਬ ਵਿਖੇ ਆ ਗਏ। ਇੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰ-ਵਿੱਦਿਆ ਦੇ ਨਾਲ਼-ਨਾਲ਼ ______ਵਿੱਦਿਆ ਵੀ ਹਾਸਲ ਕੀਤੀ। 09 ਸਾਲ ਦੀ

ਉਮਰ ਵਿੱਚ ਪਿਤਾ ਜੀ ਦੀ ਸ਼ਹੀਦੀ ਤੋਂ ਬਾਅਦ ਆਪ ਸਿੱਖ ਧਰਮ ______ਗੁਰੂ ਬਣੇ। 1699 ਈ: ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ______ ਵਾਲੇ ਦਿਨ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਾੜੀ ਰਾਜਿਆਂ ਅਤੇ ______ਨਾਲ਼ ਕਈ ਲੜਾਈਆਂ ਲੜਨੀਆਂ ਪਈਆਂ। ਇਹਨਾਂ ਲੜਾਈਆਂ ਵਿੱਚ ਸ੍ਰੀ ਗੁਰੂ ਗੋਬਿੰਦ ਜੀ ਨੂੰ ______ ਛੱਡਣਾ ਪਿਆ। ਇਹਨਾਂ ਲੜਾਈਆਂ ਦੇ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਰਿਵਾਰ ਤੋਂ ______ਨਦੀ ਦੇ ਕਿਨਾਰੇ 'ਤੇ ਵਿਛੜ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਸਰਹਿੰਦ ਦੇ ਨਵਾਬ ______ਨੇ ਨੀਂਹਾਂ ਵਿੱਚ ਚਿਣਵਾ ਦਿੱਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਲੜਾਈ ਵਿੱਚ ______ਹੋ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੀਨਾ ਕਾਂਗੜਾ ਨਾਂ ਦੇ ਸਥਾਨ 'ਤੇ ਮੁ਼ਗਲ ਬਾਦਸ਼ਾਹ ______ ਨੂੰ ______ਨਾਮ ਦਾ ਪੱਤਰ ਲਿਖਿਆ। ਉਸ ਤੋਂ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ______ ਨੂੰ ਜੋਤੀ-ਜੋਤ ਸਮਾ ਗਏ।

**(ਅ) ਪੰਡਤ ਜਵਾਹਰ ਲਾਲ ਨਹਿਰੂ**

ਪੰਡਤ ਜਵਾਹਰ ਲਾਲ ਨਹਿਰੂ ਦਾ ਜਨਮ ______ ਈ: ਨੂੰ ਅਲਾਹਾਬਦ ਵਿੱਚ ਉੱਘੇ ਵਕੀਲ ਪੰਡਤ ______ ਘਰ ਹੋਇਆ। ਪੰਡਤ ਜਵਾਹਰ ਲਾਲ ਨਹਿਰੂ ਜੀ ਨੇ ਮੁਢਲੀ ਪੜ੍ਹਾਈ ______ ਵਿੱਚ ਹੀ ਹਾਸਲ ਕੀਤੀ। ਉਚੇਰੀ ਪੜ੍ਹਾਈ ਲਈ ਪੰਡਤ ਜਵਾਹਰ ਲਾਲ ਨਹਿਰੂ ______ਚਲੇ ਗਏ। 1920 ਈ: ਵਿੱਚ ਮਹਾਤਮਾ ਗਾਂਧੀ ਵੱਲੋਂ ਚਲਾਈ ______ਲਹਿਰ ਵਿੱਚ ਪੰਡਤ ਜਵਾਹਰ ਲਾਲ ਨਹਿਰੂ ਨੇ ਹਿੱਸਾ ਲਿਆ। ______ਵਿੱਚ ਪੰਡਤ ਜਵਾਹਰ ਲਾਲ ਨਹਿਰੂ ਕਾਂਗਰਸ ਪਾਰਟੀ ਦੇ ਪ੍ਰਧਾਨ ਚੁਣੇ ਗਏ। 15 ਅਗਸਤ, 1947 ਨੂੰ ਜਦੋਂ ਭਾਰਤ ਅਜ਼ਾਦ ਹੋਇਆ ਤਾਂ ਪੰਡਤ ਜਵਾਹਰ ਲਾਲ ਨਹਿਰੂ ਜੀ ਦੇਸ ਦੇ ______ ਚੁਣੇ ਗਏ। ਬੱਚੇ ਪੰਡਤ ਜਵਾਹਰ ਲਾਲ ਨਹਿਰੂ ਜੀ ਨੂੰ ______ ਵੀ ਕਹਿ ਕੇ ਬੁਲਾਉਂਦੇ ਹਨ। ਪੰਡਤ ਜਵਾਹਰ ਲਾਲ ਨਹਿਰੂ ਜੀ ਦਾ ਜਨਮ-ਦਿਨ ਹਰ ਸਾਲ 14 ਨਵੰਬਰ ਨੂੰ ______ ਦਿਵਸ ਦੇ ਤੌਰ 'ਤੇ ਵੀ ਮਨਾਇਆ ਜਾਂਦਾ ਹੈ। ਪੰਡਤ ਜਵਾਹਰ ਲਾਲ ਨਹਿਰੂ ਜੀ ______ ਨੂੰ ਅਕਾਲ ਚਲਾਣਾ ਕਰ ਗਏ।

8

ਪ੍ਰਸ਼ਨ 17. ਤੁਹਾਡਾ ਛੋਟਾ ਭਰਾ ਨਸ਼ਿਆਂ ਦਾ ਸੇਵਨ ਕਰਨ ਲੱਗ ਪਿਆ ਹੈ ਉਸ ਨੂੰ ਨਸ਼ਿਆਂ ਤੋਂ ਰੋਕਣ ਲਈ ਪੱਤਰ ਲਿਖੋ।

ਜਾਂ

ਤੁਹਾਡਾ ਸਾਈਕਲ ਚੋਰੀ ਹੋ ਗਿਆ ਹੈ, ਵੇਰਵੇ ਦਿੰਦੇ ਹੋਏ ਰਿਪੋਰਟ ਦਰਜ ਕਰਵਾਉਣ ਲਈ ਨੇੜੇ ਦੇ ਥਾਣੇ ਨੂੰ ਬੇਨਤੀ-ਪੱਤਰ ਲਿਖੋ।

2+4+1=07

ਪ੍ਰਸ਼ਨ 18. ਨਾਂਵ ਜਾਂ ਕਿਰਿਆ ਦੀ ਪਰਿਭਾਸ਼ਾ ਉਦਾਹਰਨਾਂ ਸਹਿਤ ਦੱਸੋ।

ਜਾਂ

ਪੜਨਾਂਵ ਦੀਆਂ ਕਿਸਮਾਂ ਉਦਾਹਰਨਾਂ ਸਹਿਤ ਲਿਖੋ।

ਪ੍ਰਸ਼ਨ 19. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਦਿਓ।

1. ਚੰਗੀਆਂ ਪੁਸਤਕਾਂ ਮਨੁੱਖ ਲਈ ਵਰਦਾਨ ਹਨ। ਜਦੋਂ ਦੁੱਖਾਂ-ਮੁਸੀਬਤਾਂ ਦੇ ਕਾਲ਼ੇ ਬੱਦਲ਼ ਸਾਡੇ ਜੀਵਨ ਨੂੰ ਹਨੇਰੀ ਬੁੱਕਲ਼ ਵਿੱਚ ਲਪੇਟ ਲੈਂਦੇ ਹਨ ਅਤੇ ਸਾਡੇ ਸੰਗੀ-ਸਾਥੀ

ਤੇ ਮਿੱਤਰ-ਦੋਸਤ ਸਾਥ ਛੱਡ ਜਾਂਦੇ ਹਨ ਤਾਂ ਇਹ ਪੁਸਤਕਾਂ ਆਪਣੇ ਮਿੱਠੇ ਅਤੇ ਸਿਆਣੇ ਬੋਲਾਂ ਨਾਲ਼ ਸਾਡਾ ਹੌਸਲਾ ਵਧਾਉਂਦੀਆਂ ਹਨ, ਸਾਨੂੰ ਢਾਰਸ ਦਿੰਦੀਆਂ ਹਨ ਅਤੇ ਸਾਡੇ ਗਿਆਨ ਵਿੱਚ ਵਾਧਾ ਕਰਦੀਆਂ ਹਨ। ਇਹ ਸਾਨੂੰ ਦ੍ਰਿੜ੍ਹਤਾ ਨਾਲ਼ ਜਿਊਣ ਦੀ ਜਾਂਚ ਦੱਸਦੀਆਂ ਹਨ। ਮਨੁੱਖ ਦੀ ਹਜ਼ਾਰਾਂ ਵਰ੍ਹਿਆਂ ਦੀ ਸਿਆਣਪ ਅਤੇ ਤਜਰਬਿਆਂ ਦਾ ਨਿਚੋੜ ਇਹਨਾਂ ਵਿੱਚ ਛਪਿਆ ਹੁੰਦਾ ਹੈ। ਇਹਨਾਂ ਦੇ ਬੂਹੇ ਹਰ ਛੋਟੇ-ਵੱਡੇ, ਉੱਚੇ-ਨੀਵੇਂ, ਅਮੀਰ-ਗ਼ਰੀਬ ਲਈ ਸਦਾ ਖੁੱਲ੍ਹੇ ਰਹਿੰਦੇ ਹਨ। ਇਹ ਸਾਨੂੰ ਇੱਕ ਅਜਿਹੀ ਦੌਲਤ ਨਾਲ਼ ਮਾਲਾ-ਮਾਲ ਕਰਦੀਆਂ ਹਨ ਜਿਸ ਨੂੰ ਚੋਰ ਚੁਰਾ ਨਹੀਂ ਸਕਦਾ, ਪਾਣੀ ਰੋੜ੍ਹ ਨਹੀਂ ਸਕਦਾ, ਅੱਗ ਸਾੜ ਨਹੀਂ ਸਕਦੀ। ਚੰਗੀਆਂ ਪੁਸਤਕਾਂ ਮਨੁੱਖ ਦੀਆਂ ਸੱਚੀਆਂ ਦੋਸਤ ਹੁੰਦੀਆਂ ਹਨ-ਉਹ ਦੋਸਤ ਜੋ ਕਦੇ ਬੁਰਾ ਨਹੀਂ ਸੋਚ ਸਕਦਾ ਅਤੇ ਕਦੇ ਧੋਖਾ ਨਹੀਂ ਦਿੰਦਾ। ਵੱਡੇ ਭਾਗਾਂ ਵਾਲ਼ੇ ਹਨ ਉਹ ਲੋਕ ਜਿਨ੍ਹਾਂ ਨੂੰ ਉੱਤਮ ਪੁਸਤਕਾਂ ਪੜ੍ਹਨ ਦਾ ਸ਼ੌਕ ਹੈ।

ਜਾਂ

ਸਮਾਂ ਇੱਕ ਮਹਾਨ ਖ਼ਜ਼ਾਨਾ ਹੈ। ਅਮਰੀਕਾ, ਜਪਾਨ ਵਿੱਚ ਮੀਂਹ ਹੋਵੇ, ਹਨੇਰੀ ਹੋਵੇ, ਠੰਢ ਹੋਵੇ, ਗਰਮੀ ਹੋਵੇ, ਅੱਠ ਘੰਟੇ ਹਰ ਕੋਈ ਡਟ ਕੇ ਕੰਮ ਕਰਦਾ ਹੈ। ਦਫ਼ਤਰਾਂ ਵਿੱਚ, ਖੇਤਾਂ ਵਿੱਚ, ਕਾਰਖ਼ਾਨਿਆਂ ਵਿੱਚ ਵਿਸ਼ੇਸ਼ ਛੁੱਟੀਆਂ ਸਾਲ ਵਿੱਚ ਮਸਾਂ ਚਾਰ-ਪੰਜ ਹੁੰਦੀਆਂ ਹਨ। ਸਾਡੇ ਦੇਸ ਵਿੱਚ ਕਿੰਨੀਆਂ ਹੀ ਛੁੱਟੀਆਂ, ਕਿੰਨੇ ਥੋੜ੍ਹੇ ਘੰਟੇ ਕੰਮ, ਕਿੰਨਾ ਬੇਦਿਲਾ ਕੰਮ ਤੇ ਫੇਰ ਸਵੇਰੇ-ਸ਼ਾਮ ਧਾਰਮਿਕ ਸਥਾਨਾਂ ਵਿੱਚ ਸ਼ਰਧਾਲੂਆਂ ਦੇ ਇਕੱਠ, ਸਾਧੂਆਂ ਦੀ ਨਿੱਤ-ਫੇਰੀ, ਮਰਨੇ-ਜੰਮਣੇ ਤੇ ਵਿਆਹ ਆਦਿ। ਕਿਸੇ ਹੋਰ ਹੋਰ ਦੇਸ ਵਿੱਚ ਇਹਨਾਂ ਗੱਲਾਂ ਉੱਤੇ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ। ਲਾਊਡ ਸਪੀਕਰਾਂ ਉੱਤੇ ਦਿਨ-ਰਾਤ ਧਰਮ ਦੀ ਥਾਂ ਵਹਿਮ-ਭਰਮ ਜ਼ਿਆਦਾ ਪ੍ਰਚਾਰੇ ਜਾਂਦੇ ਹਨ। ਹੋਰਨਾਂ ਦੇਸਾਂ ਵਿੱਚ ਭਾਵੇਂ ਕਿੰਨੀ ਵੀ ਬਰਫ਼ ਜੰਮੀ ਹੋਵੇ, ਕਾਮੇ ਪੂਰੇ ਅੱਠ ਵਜੇ ਆਪਣੇ ਕੰਮ ਉੱਤੇ ਪਹੁੰਚ ਜਾਂਦੇ ਹਨ। ਬਾਰਾਂ ਵਜੇ ਤੱਕ ਡਟ ਕੇ ਕੰਮ ਕੀਤਾ ਜਾਂਦਾ ਹੈ। ਕੰਮ ਦੇ ਸਮੇਂ ਵਿਚਕਾਰ ਇੱਕ ਘੰਟਾ ਖਾਣਾ ਖਾ ਕੇ ਫਿਰ ਪੰਜ ਵਜੇ ਤੱਕ ਅਣਥੱਕ ਮਿਹਨਤ ਕੀਤੀ ਜਾਂਦੀ ਹੈ। ਇਸ ਕਾਰਨ ਕਿਹਾ ਜਾ ਸਕਦਾ ਹੈ ਕਿ ਉੱਥੇ ਕੰਮ-ਸੱਭਿਆਚਾਰ ਪ੍ਰਫੁੱਲਿਤ ਹੋ ਚੁੱਕਾ ਹੈ। ਇਹੀ ਕਾਰਨ ਹੈ ਕਿ ਉਹਨਾਂ ਦੀ ਪੈਦਾਵਾਰ ਸਾਡੇ ਨਾਲ਼ੋਂ ਕਈ ਗੁਣਾ ਵਧੇਰੇ ਹੁੰਦੀ ਹੈ।

5+1=6

ਪ੍ਰਸ਼ਨ 20. ਜਿਸ ਸਰੀਰ ਨੇ ਕਦੇ ਖੇਚਲ਼, ਮਿਹਨਤ ਤੇ ਕਸ਼ਟ ਦਾ ਮੂੰਹ ਨਹੀਂ ਵੇਖਿਆ ਉਸ ਵਿੱਚ ਬਰਕਤ ਤੇ ਰੌਣਕ ਕਿਵੇਂ ਹੋ ਸਕਦੀ ਹੈ? ਜਿਸ ਬਿਰਖ ਨੂੰ ਨਾ ਫੁੱਲ ਹੈ ਨਾ ਫਲ਼ ਹੈ ਨਾ ਉਸਦੀ ਠੰਢੀ ਛਾਂ ਹੈ, ਆਮ ਕਰਕੇ ਉਹ ਬਾਲਣ ਬਣਾ ਕੇ ਚੁੱਲ੍ਹੇ ਵਿੱਚ ਫੂਕ ਦਿੱਤਾ ਜਾਂਦਾ ਹੈ। ਮਨੁੱਖੀ ਸਰੀਰ ਕੰਮ ਲਈ ਬਣਿਆ ਹੈ। ਕੰਮ ਨਾ ਕਰਨਾ ਸਰੀਰ ਦੇ ਗੁਣ ਨੂੰ ਅਕਾਰਥ ਗੁਆਉਣਾ ਹੈ। ਕੌਣ ਮੁੱਕਰ ਸਕਦਾ ਹੈ, ਇਸ ਗੱਲੋਂ ਕਿ ਜਿਹੜਾ ਸਰੀਰ ਮੁਸ਼ੱਕਤ ਵਿੱਚ ਨਹੀਂ ਪੈਂਦਾ, ਕਦੇ ਅਰੋਗ ਨਹੀਂ ਰਹਿ ਸਕਦਾ। ਇੱਕ ਪਾਸੇ ਲੋਕ ਹੱਥੀਂ ਕੰਮ ਕਰਨ ਤੋਂ ਭੱਜਦੇ ਹਨ ਤੇ ਦੂਸਰੇ ਪਾਸੇ ਸਰੀਰ ਨੂੰ ਠੀਕ ਰੱਖਣ ਲਈ ਕਸਰਤ ਕਰਦੇ ਹਨ ਜੋਕਿ ਵਿਹਲਾ ਕੰਮ ਹੈ ; ਇੱਕ ਤਰ੍ਹਾਂ ਦਾ ਮੀਸਣਾਪਣ ਹੈ-ਜ਼ੋਰ ਤੇ ਸਮਾਂ, ਜਿਸ ਨਾਲ਼ ਕੁਝ ਦੌਲਤ ਰਚੀ ਜਾ ਸਕਦੀ ਹੈ ਉਸ ਨੂੰ ਦੂਜਿਆਂ ਲਈ ਵਰਤਣ ਦੀ ਥਾਂ ਖ਼ਾਸ ਆਪਣੇ ਬਣਾਉਟੀ ਸ੍ਵਾਰਥ ਲਈ ਵਰਤਣਾ। ਸਰੀਰ ਜੋ ਕੰਮ ਨਹੀਂ ਕਰਦਾ, ਕੁਦਰਤ ਤੋਂ ਉੱਕਾ ਵਿਰੁੱਧ ਹੈ ਕਿਉਂਕਿ ਕੰਮ ਹੀ ਸਰੀਰ ਦੇ ਸਾਰੇ ਅੰਗਾਂ ਨੂੰ ਅੱਛੀ ਤਰ੍ਹਾਂ ਕੁਦਰਤੀ ਹਿਲ-ਜੁਲ ਵਿੱਚ ਪਾ ਕੇ ਅਰਗੋ, ਸੁੰਦਰ ਤੇ ਸਡੌਲ ਰੱਖ ਸਕਦਾ ਹੈ।

**ਉਪਰੋਕਤ ਪੈਰੇ ਨੂੰ ਧਿਆਨ ਨਾਲ਼ ਪੜ੍ਹੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ : -**

1. ਕਿਹੜੇ ਸਰੀਰ ਵਿੱਚ ਬਰਕਤ ਤੇ ਰੌਣਕ ਨਹੀਂ ਹੁੰਦੀ?

2. ਸਰੀਰ ਦੇ ਗੁਣ ਨੂੰ ਅਕਾਰਥ ਕਿਵੇਂ ਗੁਆਇਆ ਜਾਂਦਾ ਹੈ?
3. ਮੁਸ਼ੱਕਤ ਨਾ ਕਰਨ ਵਾਲ਼ੇ ਦੇ ਸਰੀਰ 'ਤੇ ਕੀ ਪ੍ਰਭਾਵ ਪੈਂਦਾ ਹੈ?
4. ਲੇਖਕ ਨੇ ਕਸਰਤ ਨੂੰ ਵਿਹਲਾ ਕੰਮ ਕਿਉਂ ਕਿਹਾ ਹੈ?

2+2+2=6

ਪ੍ਰਸ਼ਨ 21. (ੳ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:
ਜਿਹੜਾ ਕਿਸੇ ਦੀ ਕੀਤੀ ਨੇਕੀ ਨਾ ਜਾਣੇ
ਜਾਂ
ਜਿਹੜੀ ਗੱਲ ਆਪਣੇ ਆਪ ਨਾਲ ਬੀਤੀ ਹੋਵੇ
(ਅ) 'ਉੱਤਮ' ਜਾਂ 'ਅਮਨ' ਸ਼ਬਦ ਦਾ ਕੋਈ ਇੱਕ ਸਮਾਨਾਰਥੀ ਸ਼ਬਦ ਲਿਖੋ।
(ੲ) 'ਸਤ' ਜਾਂ 'ਕਰ' ਸ਼ਬਦ ਨੂੰ ਕਿਸੇ ਇੱਕ ਵਾਕ ਵਿੱਚ ਵਰਤੋ।

1+1+1=3